ਪੰਜਾਬੀ ਯੂਨੀਵਰਸਿਟੀ,ਪਟਿਆਲਾ
(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਿਤ)

ਨੰ:..1471..ਸ.1/ਕਾਲਜ
ਮਿਤੀ: ..27/4/22..

ਯੂਨੀਵਰਸਿਟੀ ਨਾਲ ਸਬੰਧਤ ਸਮੂਹ ਕਾਲਜਾਂ/ ਕਾਂਸਟੀਚੂਐਂਟ ਕਾਲਜਾਂ ਦੇ
ਡਾਇਰੈਕਟਰ/ਪ੍ਰਿੰਸੀਪਲ ਸਾਹਿਬਾਨ ਨੂੰ

**ਵਿਸ਼ਾ: ਸੈਸ਼ਨ 2022-23 ਦੌਰਾਨ ਯੂਨੀਵਰਸਿਟੀ ਨਾਲ ਸਬੰਧਤ ਕਾਲਜਾਂ/ਕਾਂਸਟੀਚੂਐਂਟ ਕਾਲਜਾਂ ਲਈ ਗਰਮੀ ਅਤੇ ਸਰਦੀ ਦੀਆਂ ਛੁੱਟੀਆਂ ਅਤੇ ਦਾਖਲਿਆਂ ਦੀਆਂ ਮਿਤੀਆਂ ਦਾ ਸ਼ਡਿਊਲ :**

(ਜਿੰਨ੍ਹਾਂ ਕੋਰਸਾਂ ਦੇ ਦਾਖਲੇ ਪੰਜਾਬ ਸਰਕਾਰ/ਸੈਂਟਰਲ ਏਜੰਸੀਆਂ ਵੱਲੋਂ ਕਰਵਾਏ ਜਾਂਦੇ ਹਨ ਉਨ੍ਹਾਂ ਕੋਰਸਾਂ ਨੂੰ ਛੱਡ ਕੇ)

ਸ੍ਰੀਮਾਨ/ਸ੍ਰੀਮਤੀ ਜੀ,

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਵਾਈਸ-ਚਾਂਸਲਰ ਸਾਹਿਬ ਵਲੋਂ ਅਕਾਦਮਿਕ ਕੌਂਸਲ ਦੀ ਪ੍ਰਵਾਨਗੀ ਦੀ ਆਸ ਵਿਚ ਸੈਸ਼ਨ **2022-23** ਦੌਰਾਨ ਯੂਨੀਵਰਸਿਟੀ **ਨਾਲ ਸਬੰਧਤ** ਸਮੂਹ ਕਾਲਜਾਂ/ ਕਾਂਸਟੀਚੂਐਂਟ ਕਾਲਜਾਂ **ਲਈ ਗਰਮੀ ਅਤੇ ਸਰਦੀ ਦੀਆਂ ਛੁੱਟੀਆਂ ਅਤੇ ਦਾਖਲਿਆਂ ਦੀਆਂ ਮਿਤੀਆਂ ਦਾ ਸ਼ਡਿਊਲ ਨਿਮਨਲਿਖਤ ਅਨੁਸਾਰ ਨਿਰਧਾਰਤ ਕਰਨ ਦੀ ਪ੍ਰਵਾਨਗੀ ਦਿੱਤੀ ਹੈ:-**

1. ਸਮੂਹ ਕਾਲਜਾਂ ਲਈ ਗਰਮੀ ਅਤੇ ਸਰਦੀ ਦੀਆਂ ਛੁੱਟੀਆਂ ਦਾ ਸ਼ਡਿਊਲ:

**1. ਗਰਮੀ ਦੀਆਂ ਛੁੱਟੀਆਂ :** 01.7.2022 ਤੋਂ 29.7.2022 ਤੱਕ **(ਦਾਖਲਿਆਂ ਅਤੇ ਪ੍ਰੀਖਿਆਵਾਂ ਦਾ ਕੰਮ ਨਿਰਵਿਘਨ ਜਾਰੀ ਰਹੇਗਾ)।**

2. ਸਰਦੀ ਦੀਆਂ ਛੁੱਟੀਆਂ : 24.12.2022 ਤੋਂ 07.1.2023 ਤੱਕ

ਐਜੂਕੇਸ਼ਨ/ਫਿਜੀਕਲ ਐਜੂਕੇਸ਼ਨ/ਮੈਨੇਜਮੈਂਟ/ਟੈਕਨਾਲੋਜੀ/ਲਾਅ ਕੋਰਸਾਂ ਜਾਂ ਕੋਈ ਹੋਰ ਕੋਰਸਾਂ ਦੇ ਦਾਖਲੇ, ਜੋ ਕੇਂਦਰੀ ਦਾਖਲਾ ਏਜੰਸੀ/ ਪੰਜਾਬ ਸਰਕਾਰ ਵਲੋਂ ਐਂਟਰੈਂਸ ਟੈਸਟ/ਆਨ ਲਾਈਨ ਪ੍ਰਕਿਰਿਆ ਰਾਹੀਂ ਕੀਤੇ ਜਾਂਦੇ ਹਨ, ਉਨ੍ਹਾਂ ਕੋਰਸਾਂ ਦੇ ਦਾਖਲਿਆਂ ਦਾ ਸ਼ਡਿਊਲ ਯੂਨੀਵਰਸਿਟੀ ਵਲੋਂ ਨਿਰਧਾਰਤ ਨਹੀਂ ਕੀਤਾ ਜਾਂਦਾ ਹੈ।

ਦਾਖਲਿਆਂ ਦਾ ਸ਼ਡਿਊਲ:- (ਐਂਟਰੀ ਪੁਆਇੰਟ ਦਾਖਲੇ)

| | | |
|---|---|---|
| i) | **ਕਾਲਜ ਖੁੱਲਣ ਦੀ ਮਿਤੀ** | **30.7.2022** |
| ii) | **ਸਮੈਸਟਰ ਅਤੇ ਸਾਲਾਨਾ ਪ੍ਰਣਾਲੀ ਦੇ ਸਾਰੇ ਕੋਰਸਾਂ ਦੇ ਰੈਗੂਲਰ ਦਾਖਲੇ** | **11.7.2022 ਤੋਂ 25.7.2022 ਤੱਕ ਬਿਨ੍ਹਾਂ ਲੇਟ ਫੀਸ** |
| iii) | **500/- ਰੁ: ਲੇਟ ਫੀਸ ਅਤੇ ਕਾਲਜ ਦੇ ਪ੍ਰਿੰਸੀਪਲ ਦੀ ਪ੍ਰਵਾਨਗੀ ਨਾਲ** | **02.8.2022 ਤੱਕ** |
| iv) | **1000/- ਰੁ: ਲੇਟ ਫੀਸ ਅਤੇ ਡੀਨ, ਕਾਲਜ ਵਿਕਾਸ ਕੌਂਸਲ ਦੀ ਪ੍ਰਵਾਨਗੀ ਨਾਲ** | **09.8.2022 ਤੱਕ** |
| v) | **1500/-ਰੁ: ਲੇਟ ਫੀਸ ਅਤੇ ਵਾਈਸ ਚਾਂਸਲਰ ਸਾਹਿਬ ਦੀ ਪ੍ਰਵਾਨਗੀ ਨਾਲ** | **16.8.2022 ਤੱਕ** |
| vi) | **2000/-ਰੁਪਏ ਲੇਟ ਫੀਸ ਅਤੇ ਅਕਾਦਮਿਕ ਕੌਂਸਲ ਦੀ ਪ੍ਰਵਾਨਗੀ ਦੀ ਵਿੱਚ ਵਾਈਸ ਚਾਂਸਲਰ ਸਾਹਿਬ ਦੀ ਪ੍ਰਵਾਨਗੀ ਨਾਲ** | **23.8.2022 ਤੱਕ** |

3. ਜਿਹੜੇ ਵਿਦਿਆਰਥੀ ਅਕਾਦਮਿਕ ਸੈਸ਼ਨ 2021-22 ਦੌਰਾਨ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਕੋਈ ਵੀ ਕਲਾਸ ਜੋ ਕਿ ਸਲਾਨਾ/ਸਮੈਸਟਰ ਪ੍ਰਣਾਲੀ ਅਧੀਨ ਆਉਂਦੇ ਹਨ, ਪਾਸ ਕਰਨ ਉਪਰੰਤ ਅਗਲੀ ਕਲਾਸ/ਕੋਰਸ ਵਿੱਚ ਦਾਖਲਾ ਲੈਣਾ ਚਾਹੁੰਦੇ ਹਨ,ਉਨ੍ਹਾਂ ਵਿਦਿਆਰਥੀਆਂ ਲਈ ਸੈਸ਼ਨ 2022-23 ਦੇ ਦਾਖਲਿਆਂ ਦਾ ਸ਼ਡਿਊਲ (ਚਲਦੇ ਕੋਰਸਾਂ ਦੇ ਦਾਖਲੇ) :-

| | | |
|---|---|---|
| **1.** | **ਬਿਨਾਂ ਲੇਟ ਫੀਸ ਦਾਖਲਾ** | **(i) ਨਤੀਜਾ ਘੋਸ਼ਿਤ ਹੋਣ ਦੀ ਮਿਤੀ ਤੋਂ 20 ਕੰਮ-ਕਾਜੀ ਦਿਨਾਂ ਦੇ ਅੰਦਰ-ਅੰਦਰ*** |
| **2.** | **500/-ਰੁਪਏ ਲੇਟ ਫੀਸ ਅਤੇ ਕਾਲਜ ਦੇ ਪ੍ਰਿੰਸੀਪਲ ਦੀ ਪ੍ਰਵਾਨਗੀ ਨਾਲ** | **(ii) ਉਪਰੋਕਤ (i) ਤੋਂ ਅਗਲੇ 5 ਕੰਮ-ਕਾਜੀ ਦਿਨਾਂ ਦੇ ਅੰਦਰ-ਅੰਦਰ*** |
| **3.** | **1000/-ਰੁਪਏ ਲੇਟ ਫੀਸ ਅਤੇ ਡੀਨ, ਕਾਲਜ ਵਿਕਾਸ ਕੌਂਸਲ ਦੀ ਪ੍ਰਵਾਨਗੀ ਨਾਲ** | **(iii) ਉਪਰੋਕਤ (ii) ਤੋਂ ਅਗਲੇ 5 ਕੰਮ-ਕਾਜੀ ਦਿਨਾਂ ਦੇ ਅੰਦਰ-ਅੰਦਰ*** |
| **4.** | **2000/-ਰੁਪਏ ਲੇਟ ਫੀਸ ਅਤੇ ਵਾਈਸ-ਚਾਂਸਲਰ ਸਾਹਿਬ ਦੀ ਪ੍ਰਵਾਨਗੀ ਨਾਲ** | **(iv) ਉਪਰੋਕਤ (iii) ਤੋਂ ਅਗਲੇ 5 ਕੰਮ-ਕਾਜੀ ਦਿਨਾਂ ਦੇ ਅੰਦਰ-ਅੰਦਰ*** |

**4. ਸਮੈਸਟਰ ਪ੍ਰਣਾਲੀ ਦੀ ਪੜ੍ਹਾਈ (ਜਿਨ੍ਹਾਂ ਕੋਰਸਾਂ ਵਿਚ ਸਮੈਸਟਰ ਪ੍ਰਣਾਲੀ ਲਾਗੂ ਹੈ)**

| **Odd Semester** | | **Even Semester** | |
|---|---|---|---|
| ਸਮੈਸਟਰਾਂ ਦੀ ਪੜ੍ਹਾਈ | 01.8.2022 ਤੋਂ 18.11.2022 | ਸਮੈਸਟਰਾਂ ਦੀ ਪੜ੍ਹਾਈ | 16.1.2023 ਤੋਂ 05.5.2023 |
| ਸਮੈਸਟਰਾਂ ਦੇ ਇਮਤਿਹਾਨ: ਪ੍ਰੈਕਟੀਕਲ ਪ੍ਰੀਖਿਆਵਾਂ | 22.11.2022 ਤੋਂ 29.11.2022 | ਸਮੈਸਟਰਾਂ ਦੇ ਇਮਤਿਹਾਨ: ਪ੍ਰੈਕਟੀਕਲ ਪ੍ਰੀਖਿਆਵਾਂ | 08.5.2023 ਤੋਂ 15.5.2023 |
| ਲਿਖਤੀ ਪ੍ਰੀਖਿਆਵਾਂ | 01.12.22 ਤੋਂ 07.1.2023 | ਲਿਖਤੀ ਪ੍ਰੀਖਿਆਵਾਂ | 17.5.2023 ਤੋਂ 23.6.2023 |

ਗੁਰਪ੍ਰੀਤ ਸਿੰਘ
27/4/22
ਡੀਨ,
ਕਾਲਜ ਵਿਕਾਸ ਕੌਂਸਲ